**ਜਮਾਤ +੨** **ਵਿਸ਼ਾ ਲਾਜ਼ਮੀ ਪੰਜਾਬੀ**

## ਕਵਿਤਾ ਭਾਗ

## ਪ੍ਰੋ. ਪੂਰਨ ਸਿੰਘ

# ਪੁਰਾਣੇ ਪੰਜਾਬ ਨੂੰ ਅਵਾਜ਼ਾਂ




ਉਹ ਪੁਰਾਣਾ ਅਦਬ ਤੇ ਹਿਰਸ ਨਾਂਹ !
ਉਹ ਪ੍ਰੀਤ ਦੀਆਂ ਪੀਡੀਆਂ ਗੰਢਾਂ ।
ਉਹ ਕੁੜੀਆਂ ਦੇ ਚਾਅ, ਤ੍ਰਿੰਞਣਾਂ ਦੇ ਗਾਵਨ ਕਿੱਥੇ,
ਉਹ ਸ਼ਰੀਕਾਂ ਦੀ ਆਬ ਵਾਲੀ ਗੱਲ ਸਾਰੀ ਗਈ ਆਈ,
ਉਹ ਖ਼ਾਤਰਾਂ ਤੇ ਸੇਵਾਵਾਂ, ਕੁਰਬਾਨੀਆਂ ਤੇ ਜਰਨੇ, ਜਿਗਰੇ ਤੇ ਹੌਂਸਲੇ,
ਉਹ ਰੋਟੀਆਂ ਤੇ ਮਹਿਫ਼ਲਾਂ, ਉਹ ਡੂੰਘੀ ਡੂੰਘੀ ਸ਼ਰਮਾਂ, ਸ਼ਰਾਫ਼ਤਾਂ,
ਉਹ ਕਿੱਥੇ ?

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ।

ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਵਰਤਮਾਨ ਪੰਜਾਬੀ ਜੀਵਨ ਵਿੱਚ ਪੁਰਾਤਨ ਪੰਜਾਬੀਆਂ ਵਾਲਾ ਇੱਕ-ਦੂਜੇ ਲਈ ਮੋਹ-ਪਿਆਰ ਤੇ ਸਤਿਕਾਰ ਨਹੀਂ ਰਹਿ ਗਿਆ। ਅੱਜ ਦੇ ਲੋਕਾਂ ਵਿੱਚ ਪੁਰਾਣੇ ਲੋਕਾਂ ਵਾਂਗ ਪਿਆਰ ਦੀਆਂ ਪੱਕੀਆਂ ਗੰਢਾਂ ਨਹੀਂ। ਵਰਤਮਾਨ ਪੰਜਾਬੀ ਜੀਵਨ ਵਿੱਚ ਕੁੜੀਆਂ ਦੇ ਚਾਅ ਅਤੇ ਗਾਉਣ ਵੀ ਨਹੀਂ ਰਹੇ। ਅੱਜ ਕੱਲ੍ਹ ਇਸ ਵਿੱਚ ਸ਼ਰੀਕਾਂ ਦਾ ਸਤਿਕਾਰ ਕਰਨ ਵਾਲੀ ਗੱਲ ਵੀ ਬਿਲਕੁਲ ਖ਼ਤਮ ਹੋ ਚੁੱਕੀ ਹੈ। ਅੱਜ ਦੇ ਪੰਜਾਬੀ ਜੀਵਨ ਵਿੱਚ ਪ੍ਰਾਹੁਣਿਆਂ ਦੀ ਖ਼ਾਤਰ ਤੇ ਸੇਵਾ, ਸਹਿਣ-ਸ਼ਕਤੀ, ਜਿਗਰੇ, ਹੌਂਸਲੇ, ਰੱਜ-ਰੱਜ ਕੇ ਰੋਟੀਆਂ ਖਾਣ ਵਾਲੇ, ਮਹਿਫ਼ਲਾਂ ਲਾਉਣ ਵਾਲੇ ਅਤੇ ਡੂੰਘੀਆਂ ਸ਼ਰਮਾਂ ਅਤੇ ਸ਼ਰਾਫ਼ਤਾਂ ਦੇ ਮਾਲਕ ਲੋਕ ਨਹੀਂ ਰਹੇ।

ਇਕ ਪੜ੍ਹੇ ਨੌਜਵਾਨ ਨੂੰ ਮੈਂ ਪੁੱਛਿਆ,
ਉਹ ਸਾਡੇ ਅਨਪੜ੍ਹਾਂ ਦਾ ਪੁਰਾਣਾ, ਗਠੀਲਾ, ਅਣਟੁੱਟ ਜਿਹਾ ਭਾਈਚਾਰਾ ਕਿੱਥੇ ?
ਹਿਤ ਕਿੱਥੇ ? ਪਿਆਰ ਕਿੱਥੇ ? ਉਹ ਸਾਡਾ ਹੱਸ ਬੋਲਣਾ ਗੁਆਚ ਗਿਆ ਕਿੱਥੇ ?
ਦਿਲ, ਜ਼ੋਰ, ਮਿੱਠਤ ਕਿੱਥੇ ? ਉਹ ਬਾਹਾਂ ਦਾ ਮਾਣ, ਜ਼ੋਰ ਸਾਰਾ ?

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਮੈਂ ਇੱਕ ਪੜ੍ਹੇ ਲਿਖੇ ਨੌਜਵਾਨ ਨੂੰ ਪੁੱਛਿਆ ਕਿ ਸਾਡਾ ਅਨਪੜ੍ਹਾਂ ਦਾ ਪੁਰਾਣਾ ਪੱਕਾ ਤੇ ਅਟੁੱਟ ਭਾਈਚਾਰਾ ਕਿੱਥੇ ਚਲਾ ਗਿਆ ਹੈ। ਸਾਡਾ ਆਪਸੀ ਪਿਆਰ ਹਿੱਤ ਤੇ ਹੱਸ ਬੋਲਣਾ ਕਿੱਥੇ ਅਲੋਪ ਹੋ ਗਿਆ ਹੈ ? ਸਾਡਾ ਦਿਲ ਜੋ ਮਿਠਾਸ ਮਿੱਠਤ ਅਤੇ ਬਾਹਾਂ ਦਾ ਮਾਣ ਭਰਿਆ ਜ਼ੋਰ ਕਿੱਥੇ ਚਲਾ ਗਿਆ ਹੈ। ਅੱਜ ਦੇ ਪੰਜਾਬ

ਵਿੱਚੋਂ ਪੁਰਾਣੇ ਪੰਜਾਬ ਦੀਆਂ ਇਹ ਚੀਜ਼ਾਂ ਕਿਧਰੇ ਅਲੋਪ ਹੋ ਗਈਆਂ ਹਨ। ਇਹ ਦੇਖ ਕੇ ਕਵੀ ਦਾ ਮਨ ਦੁੱਖ ਨਾਲ ਭਰ ਜਾਂਦਾ ਹੈ।

ਸੱਸਾਂ ਦੇ ਉਹ ਸਮੁੰਦਰਾਂ ਵਰਗੇ ਦਿਲ ਕਿੱਥੇ ?
ਨੂੰਹਾਂ, ਧੀਆਂ ਦੀ ਉਹ ਲਿਹਾਜ਼ ਦੀ ਸਭਿਅਤਾ,
ਜਵਾਈਆਂ ਦੀ ਪੁਰਾਣੀ ਮੋਤੀਆਂ ਵਰਗੀ ਆਬ ਕਿੱਥੇ ?
ਸਜ-ਵਿਆਹੀਆਂ ਦਾ ਉਹ ਆਦਰ, ਭਾ, ਸ਼ਿੰਗਾਰ ਤੇ ਸੰਭਾਰ ਕਿੱਥੇ,
ਲਾਡ ਤੇ ਮੁਰਾਦਾਂ ?
ਸਾਲੂ ਕਿੱਥੇ, ਬਾਗ਼ ਤੇ ਫੁਲਕਾਰੀਆਂ,
ਉਹ ਮਹਿੰਦੀ ਦਾ ਰੰਗ ਸੁਹਾਗ ਦਾ,
ਉਹ ਹੱਥ ਪੈਰ ਰੰਗੇ, ਉਹ ਤਿੱਲੇਦਾਰ ਜੁੱਤੀਆਂ ।

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਕਵੀ ਕਹਿੰਦਾ ਹੈ ਕਿ ਮੈਂ ਇੱਕ ਪੜ੍ਹੇ-ਲਿਖੇ ਪੰਜਾਬੀ ਨੌਜਵਾਨ ਨੂੰ ਪੁੱਛਿਆ ਕਿ ਅੱਜ ਦੇ ਪੰਜਾਬ ਵਿੱਚੋਂ ਸੱਸਾਂ ਦੇ ਸਮੁੰਦਰਾਂ ਵਰਗੇ ਵਿਸ਼ਾਲ ਦਿਲ ਕਿੱਥੇ ਅਲੋਪ ਹੋ ਗਏ ਹਨ। ਉਹ ਸੱਭਿਅਤਾ ਜਿਸ ਵਿੱਚ ਨੂੰਹਾਂ-ਧੀਆਂ ਦਾ ਸਤਿਕਾਰ ਕੀਤਾ ਜਾਂਦਾ ਸੀ, ਕਿੱਥੇ ਗੁਆਚ ਗਈ ? ਪੰਜਾਬ ਵਿੱਚੋਂ ਜੁਆਈਆਂ ਦਾ ਪੁਰਾਣਾ ਆਦਰ-ਸਤਿਕਾਰ ਕਿੱਥੇ ਛਿਪ ਗਿਆ ਹੈ ? ਪੰਜਾਬ ਵਿੱਚੋਂ ਸੱਜ-ਵਿਆਹੀਆਂ ਕੁੜੀਆਂ ਲਈ ਆਦਰ, ਪਿਆਰ, ਲਾਡ ਤੇ ਉਨ੍ਹਾਂ ਦਾ ਸ਼ਿੰਗਾਰ ਤੇ ਮੁਰਾਦਾਂ ਕਿੱਥੇ ਲੋਪ ਹੋ ਗਈਆਂ ਹਨ ? ਅੱਜ ਦੇ ਪੰਜਾਬ ਵਿੱਚ ਇਹ ਚੀਜ਼ਾਂ ਕਿਧਰੇ ਵੀ ਦਿਖਾਈ ਨਹੀਂ ਦਿੰਦੀਆਂ। ਅੱਜ ਸੱਜ-ਵਿਆਹੀਆਂ ਦੇ ਸਾਲੂ, ਬਾਗ, ਫੁਲਕਾਰੀਆਂ, ਸੁਹਾਗ ਦੀ ਮਹਿੰਦੀ ਨਾਲ ਰੰਗੇ ਹੱਥ-ਪੈਰ ਤੇ ਤਿੱਲੇਦਾਰ ਜੁੱਤੀਆਂ ਵੀ ਕਿਧਰੇ ਵਿਖਾਈ ਨਹੀਂ ਦਿੰਦੀਆਂ। ਇਹ ਸੁੰਦਰ ਤੇ ਮਨਮੋਹਣੀਆਂ ਚੀਜ਼ਾਂ ਕਿਧਰੇ ਲੋਪ ਹੀ ਹੋ ਗਈਆਂ ਹਨ।

ਭਰਾਵਾ ! ਇਹ ਪੁਰਾਣੀ ਬੁੱਢੀ ਜਿਹੀ ਸਾਡੀ ਸਭਿਅਤਾ,
ਦਰਿਆਵਾਂ ਝਨਾਵਾਂ ਦੇ ਫੇਰ ਵਾਲੀ, ਦੂਰੋਂ ਆਈ, ਦੂਰ ਜਾਂਦੀ ;
ਬਿਰਾਦਰੀਆਂ ਮਿਲ ਮਿਲ ਜੀਣਾ ਕਿੱਥੇ ?
ਉਹ ਸਦੀਆਂ ਦੀ ਬੋਹੜ ਕਿਸ ਵੱਢੀ ,
ਉਹ ਪੁਰਾਣਾ ਪਿੱਪਲ ਕਿੱਥੇ ਉੱਡ ਗਿਆ ?
ਹਵਾ ਆਈ, ਝੱਖੜ ਆਇਆ ਉਹ ਕਿਸ ਗੇਰਿਆ ?
ਉਹ ਜੰਗਲ ਜ਼ਰੂਰ ਸੀ, ਪੁਰਾਣਾ ਦਦ-ਕੱਢਿਆ, ਗੰਭੀਰ ਸੀ,
ਮੰਨਿਆਂ ਭਾਂਤ ਭਾਂਤ ਬੋਲੀਆਂ ਤੇ ਖ਼ਿਆਲ ਸੀ, ਅਸੀਂ ਅਨਜਾਣ ਸੀ,
ਇਕੋ ਜਿਹੇ ਸਿੱਧੇ ਸਾਦੇ, ਕੰਮ ਕਰਨ ਵਾਲੇ ਹੱਡ ਸੀ,
ਤੇ ਇਕ ਅੱਧ ਖ਼ਿਆਲ ਕੋਈ ਸੁਣਿਆਂ, ਮੰਨਿਆਂ ਅਸਾਂ ਲਈ ਬੱਸ ਸੀ,
ਉਸੇ ਵਿਚ ਬਹਿੰਦੇ, ਉੱਠਦੇ, ਜੀਂਦੇ, ਜਾਗਦੇ, ਉਹੋ, ਇਕ ਖ਼ਿਆਲ
ਸਾਡੀ ਜੰਦ ਜਾਨ ਸੀ ।

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਕਵੀ ਨੇ ਇੱਕ ਪੜ੍ਹੇ-ਲਿਖੇ ਨੌਜਵਾਨ ਨੂੰ ਪੁੱਛਿਆ ਕਿ ਪੰਜਾਬ ਦੀ ਉਹ ਸੱਭਿਅਤਾ ਕਿੱਥੇ ਗੁਆਚ ਗਈ ਹੈ, ਜੋ ਪੁਰਾਣੀ ਤੇ ਅੱਗੇ ਦੂਰ ਤੱਕ ਜਾਂਦੀ ਸੀ। ਅੱਜ ਦੇ ਪੰਜਾਬੀ ਜੀਵਨ ਵਿੱਚ ਬਿਰਾਦਰੀਆਂ ਕਿਧਰੇ ਵੀ ਮਿਲ ਕੇ ਨਹੀਂ ਬੈਠਦੀਆਂ ਜਦਕਿ ਇਹ ਗੱਲ ਪੁਰਾਣੀ ਸਭਿਅਤਾ ਦਾ ਪ੍ਰਧਾਨ ਅੰਗ ਸੀ। ਉਸ ਪੁਰਾਣੀ ਸੱਭਿਅਤਾ ਰੂਪੀ ਬੋਹੜ ਨੂੰ ਕਿਸੇ ਨੇ ਵੰਡਿਆ ਹੈ ? ਉਹ ਸੱਭਿਅਤਾ ਦਾ ਪੁਰਾਣਾ ਪਿੱਪਲ ਕਿੱਥੇ ਉੱਡ ਪੁੱਡ ਗਿਆ ਹੈ ਕੀ ਉਸ ਨੂੰ ਕਿਸੇ ਹਨੇਰੀ ਝੱਖੜ ਨੇ ਡੇਗਿਆ ਹੈ ਜਾਂ ਕਿਸੇ ਹੋਰ ਚੀਜ਼ ਨੇ ? ਵੇਖਣ ਨੂੰ ਉਹ ਜ਼ਰੂਰ ਇੱਕ ਜੰਗਲ ਵਾਂਗ ਸੀ ਪਰ ਉਸ ਵਿੱਚ ਗੰਭੀਰਤਾ ਤੇ ਭਿਆਨਕਤਾ ਸੀ। ਮੈਂ ਇਹ ਗੱਲ ਮੰਨਦਾ ਹਾਂ ਕਿ ਉਸ ਵਿੱਚ ਲੋਕ ਆਪੋ-ਆਪਣੀ ਬੋਲੀ ਬੋਲਦੇ ਸਨ ਤੇ ਆਪੋ-ਆਪਣੇ ਖ਼ਿਆਲ ਰੱਖਦੇ ਸਨ। ਭਾਵੇਂ ਅਸੀਂ ਅਣਜਾਣ ਜਿਹੇ ਸਾਂ ਪਰ ਅਸੀਂ ਸਾਰੇ ਇੱਕੋ ਜਿਹੇ ਸਿੱਧੇ-ਸਾਦੇ ਤੇ ਹੱਡ- ਭੰਨ

ਕੇ ਮਿਹਨਤ ਕਰਨ ਵਾਲੇ ਬੰਦੇ ਸਾਂ। ਅਸੀਂ ਕੋਈ ਇੱਕ ਅੱਧ ਖ਼ਿਆਲ ਨੂੰ ਸੁਣ ਕੇ ਉਸ ਨੂੰ ਮੰਨਣਾ ਹੀ ਕਾਫ਼ੀ ਸਮਝਦੇ ਸਾਂ। ਅਸੀਂ ਉਸੇ ਖ਼ਿਆਲ ਦੇ ਅਨੁਸਾਰ ਹੀ ਉੱਠਦੇ-ਬੈਠਦੇ ਤੇ ਜਿਉਂਦੀ-ਜਾਗਦੀ ਆਪਣਾ ਜੀਵਨ ਗੁਜ਼ਾਰਦੇ ਸਾਂ। ਉਹ ਇੱਕੋ ਖ਼ਿਆਲ ਹੀ ਸਾਡੀ ਜਿੰਦ-ਜਾਨ ਹੁੰਦਾ ਸੀ। ਇਸ ਪ੍ਰਕਾਰ ਸਾਡੀ ਜ਼ਿੰਦਗੀ ਕੋਈ ਬਹੁਤੀ ਗੁੰਝਲਦਾਰ ਨਹੀਂ ਸੀ

ਬਿਉਪਾਰ ਅਸੀਂ ਕਰਦੇ ਸੀ ਸੁੱਚਾ ਸੁਥਰਾ,
ਕਾਹਲੀ ਵਿਚ ਅਮੀਰ ਹੋਣ ਨੂੰ ਨਿੰਦਦੇ,
ਇਕ ਰੱਬੀ ਜੋੜ ਮੇਲ ਜਾਣ ਕੁੱਲ ਦੁਨੀਆਂ ਦੀ ਸੇਵਾ ਕਰਦੇ
ਇਹ ਚਾਂਦੀ ਦੀਆਂ ਠੀਕਰਾਂ ਕਦੀ ਨਾਂਹ ਸਾਡਾ ਰੱਬ ਸੀ ।
ਵਲਾਇਤਾਂ ਜਾਂਦੇ, ਕਾਬਲ, ਕੰਧਾਰ, ਬੁਖ਼ਾਰੇ,
ਸਫ਼ਰ ਝਾਗਦੇ, ਜਫ਼ਰ ਜਾਲਦੇ, ਸਫ਼ਰ ਸਾਡਾ ਦਿਨ ਰਾਤ ਸੀ,
ਸੁਹਣੇ ਉਨਰਾਂ ਦੇ ਕੰਮ ਬਣੇ ਦੇਸ ਆਪਣੇ ਨੂੰ ਆਉਣ ਦੇ ।
ਪਹਿਨਣ ਵਾਲਿਆਂ ਤੇ ਬਣਾਨ ਵਾਲਿਆਂ, ਦੋਹਾਂ ਦੇ ਸ਼ਗਨ ਮਨਾਂਦੇ ;
ਦੋਏ ਧਿਰਾਂ ਜੀਣ, ਵਧਣ ਤੇ ਥੀਣ, ਅਸੀਂ ਰੋਟੀਆਂ ਪਏ ਖਾਂਵਦੇ,
ਲੱਦੇ ਜਾਂਦੇ ਲੱਦੇ ਆਉਂਦੇ, ਕਿਹਾ ਸੁਹਣਾ ਉਹ ਬਿਉਪਾਰ ਸੀ ?

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਕਹਿੰਦਾ ਹੈ ਕਿ ਸਾਡੀ ਅਨਪੜ੍ਹਾਂ ਦੀ ਸੱਭਿਅਤਾ ਵਰਤਮਾਨ ਪੰਜਾਬੀ ਸੱਭਿਅਤਾ ਨਾਲੋਂ ਕਿਤੇ ਉਚੇਰੀ ਸੀ। ਅਸੀਂ ਸੁੱਚਾ ਤੇ ਸੁਥਰਾ ਵਪਾਰ ਕਰਦੇ ਸਾਂ ਅਤੇ ਵਰਤਮਾਨ ਲੋਕਾਂ ਵਾਂਗ ਪੈਸੇ ਕਮਾਉਣ ਦੀ ਖ਼ਾਤਰ ਧੋਖਾ ਤੇ ਫਰੇਬ ਨਹੀਂ ਸਾਂ ਕਰਦੇ। ਅਸੀਂ ਕਾਹਲ਼ੀ ਵਿੱਚ ਅਮੀਰ ਖ਼ੂਨ ਦੀ ਨਿੰਦਿਆ ਕਰਦੇ ਸਾਂ। ਅਸੀਂ ਸੰਸਾਰ ਨਾਲ ਆਪਣੇ ਸੰਬੰਧ ਨੂੰ ਇੱਕ ਰੱਬੀ ਜੋੜ-ਮੇਲਾ ਸਮਝ ਕੇ ਸਾਰੀ ਦੁਨੀਆਂ ਦੀ ਸੇਵਾ ਕਰਦੇ ਸਾਂ। ਅਸੀਂ ਵਰਤਮਾਨ ਲੋਕਾਂ ਵਾਂਗ ਚਾਂਦੀ ਦੀਆਂ ਠੀਕਰਾਂ ਅਰਥਾਤ ਰੁਪਈਆਂ ਨੂੰ ਕਦੇ ਵੀ ਆਪਣਾ ਰੱਬ ਨਹੀਂ ਸੀ ਮੰਨਿਆ। ਅਸੀਂ ਕਮਾਈ ਕਰਨ ਲਈ ਕਾਬਲ, ਕੰਧਾਰ ਤੇ ਬੁਖਾਰੇ ਨੂੰ ਰਾਤ-ਦਿਨ ਸਫ਼ਰ ਕਰਦੇ ਹੋਏ ਤੇ ਦੁੱਖਾਂ ਦਾ ਮੁਕਾਬਲਾ ਕਰਦੇ ਹੋਏ ਜਾਂਦੇ ਸਾਂ। ਉੱਥੋਂ ਸੋਹਣੀ ਕਲਾਕਾਰੀ ਨਾਲ ਬਣੀਆਂ ਚੀਜ਼ਾਂ ਆਪਣੇ ਦੇਸ਼

ਵਿੱਚ ਲਿਆਉਂਦੇ ਸਾਂ। ਆਪਣੇ ਲਿਆਂਦੇ ਕੱਪੜਿਆਂ ਨੂੰ ਪਹਿਨਣ ਵਾਲਿਆਂ ਤੇ ਬਣਾਉਣ ਵਾਲੀਆਂ ਵਾਲੀਆਂ ਦੋਹਾਂ ਦੀ ਸ਼ਗਨ ਮਨਾਉਂਦੇ ਸਾਂ। ਅਸੀਂ ਰੱਬ ਤੋਂ ਇਹੋ ਮੰਗਦੇ ਸਾਂ ਕਿ ਦੋਵੇਂ ਧਿਰਾਂ ਵੱਸਦੀਆਂ ਰਹਿਣ, ਜਿਨ੍ਹਾਂ ਦੇ ਸਿਰ ਤੇ ਅਸੀਂ ਰੋਟੀਆਂ ਖਾਂਦੇ ਹਾਂ। ਇਸ ਪ੍ਰਕਾਰ ਖੈਰ ਮੰਗਦੇ ਹੋਏ ਅਸੀਂ ਲੱਦੇ ਹੋਏ ਵਿਦੇਸ਼ਾਂ ਵਿੱਚ ਜਾਂਦੇ ਤੇ ਉੱਥੋਂ ਲੱਦੇ ਹੋਏ ਆਉਂਦੇ ਸਾਂ। ਸਾਡਾ ਵਪਾਰ ਕਿੰਨਾ ਸੋਹਣਾ ਸੀ।

ਸੁਹਣਿਆਂ ! ਤੂੰ ਦੱਸ ਨਾ, ਉਹ ਵੇਲੇ ਕਿਉਂ ਲੱਦ ਗਏ ?
ਵਹਿਮ ਸਨ ਸਾਡੇ ਠੀਕ, ਪਰ ਤੁਸਾਡੇ ਕੀ ਘੱਟ ਹਨ ?
ਨਾਮ ਬਦਲੇ, ਰੂਪ ਬਦਲੇ, ਤੱਕੋ ਨੀਝ ਲਾ, ਹੈਨ ਸਭ ਉਹੋ ਜਿਹੇ
ਵਹਿਮ ਅੱਜ ਵੀ ?
ਆਦਮੀ ਦੀ ਪੂਜਾ ਛੱਡੀ, ਮੰਨਿਆਂ ਗੁਨਾਹ ਸੀ,
ਪਰ ਠੀਕਰੀਆਂ ਦੀ ਪੂਜਾ ਅੱਜ ਦੀ ਕਥਾਈਂ ਦਾ ਪੁੰਨ ਹੈ ?
ਸੇਵਾ ਕਰਨੀ, ਮਜੂਰੀ-ਮੰਗਣੀ ਨਾਂਹ ; ਕੁਝ ਜਹਲ ਸੀ ;
ਪਰ ਮੁਰਦਿਆਂ ਦੇ ਜੇਬੇ ਫੋਲਣੇ ਖਾਣ ਪੀਣ ਨੂੰ, ਕਿਹੜਾ ਇਲਮ ਹੈ ?
ਅਸੀਂ ਗ਼ਰੀਬ ਸਾਂ, ਸੰਤੋਖ ਸਾਡਾ ਕਾਤਲ ਜ਼ਹਿਰ ਸੀ,
ਕੂੜਾ ਪਾਪ ਕਰ ਅਮੀਰ ਹੋਣਾ, ਵਿਹੁਲਾ ਵਿਹੁਲਾ, ਇਹ ਬੇਸਬਰੀ ਕਦ
ਅੰਮ੍ਰਿਤ ਬਣੀ ਸੀ ?

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਕਹਿੰਦਾ ਹੈ ਕਿ ਤੂੰ ਮੈਨੂੰ ਦੱਸ ਕਿ ਉਹ ਸੋਹਣੇ ਸਮੇਂ ਕਿੱਥੇ ਚਲੇ ਗਏ ਹਨ। ਇਹ ਠੀਕ ਹੈ ਕਿ ਪੁਰਾਣੇ ਪੰਜਾਬ ਦੇ ਰਹਿਣ ਵਾਲੇ ਸਾਡੀ

ਸਾਡੇ ਸਾਥੀ ਅਨਪੜ੍ਹ ਲੋਕ ਵਹਿਮਾਂ-ਭਰਮਾਂ ਦੇ ਸ਼ਿਕਾਰ ਸਨ। ਪਰ ਤੇਰੇ ਸਾਥੀ ਲੋਕਾਂ ਦੇ ਵਹਿਮ ਕਿਹੜੀ ਘੱਟ ਹਨ। ਉਹ ਜ਼ਰਾ ਨੀਂਦ ਲਾ ਕੇ ਦੇਖੋ ਕਿ ਅੱਜ ਵੀ ਉਹੋ ਜਿਹੇ ਵਹਿਮ ਕਾਇਮ ਹਨ। ਇਹ ਠੀਕ ਹੈ ਕਿ ਵਰਤਮਾਨ ਸੱਭਿਅਤਾ ਦੇ ਮਾਲਕ ਲੋਕਾਂ ਨੇ ਆਦਮੀਆਂ ਦੀ ਪੂਜਾ ਦਾ ਤਿਆਗ ਕਰ ਦਿੱਤਾ ਹੈ ਕਿਉਂਕਿ ਉਹ ਇੱਕ ਗੁਨਾਹ ਸੀ। ਪਰ ਇਸ ਦੀ ਥਾਂ ਵਰਤਮਾਨ ਲੋਕਾਂ ਦੁਆਰਾ ਕੀਤੀ ਜਾਂਦੀ ਪੈਸਿਆਂ ਦੀ ਪੂਜਾ ਕਿੱਥੋਂ ਦਾ ਪੁੰਨ ਹੈ। ਇਹ ਵੀ ਪਾਪ ਹੀ ਹੈ। ਇਹ ਮੰਨ ਲੈਂਦੇ ਹਾਂ ਕਿ ਪੁਰਾਣੇ ਲੋਕ ਸੇਵਾ ਕਰਦੇ ਸਨ ਤੇ ਮਜ਼ਦੂਰੀ ਨਹੀਂ ਸਨ ਮੰਗਦੇ ਤੇ ਇਹ ਉਨ੍ਹਾਂ ਦੀ ਜਹਾਲਤ ਦੀ ਨਿਸ਼ਾਨੀ ਸੀ। ਪਰ ਖਾਣ-ਪੀਣ ਖ਼ਾਤਰ ਅਰਥਾਤ ਪੈਸਿਆਂ ਦੀ ਪ੍ਰਾਪਤੀ ਲਈ ਮੁਰਦਿਆਂ ਦੀਆਂ ਜੇਬਾਂ ਫਰੋਲਣੀਆਂ ਕਿੱਥੋਂ ਦਾ ਪੁੰਨ ਹੈ। ਇਹ ਵੀ ਪਾਪ ਹੀ ਹੈ। ਇਹ ਵੀ ਮੰਨ ਲੈਂਦੇ ਹਾਂ ਕਿ ਅਸੀਂ ਗ਼ਰੀਬ ਸਾਂ ਸਾਡੇ ਸਬਰ ਸੰਤੋਖ ਨੂੰ ਮਾਰੂ ਜ਼ਹਿਰ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਪਰ ਝੂਠ ਬੋਲ ਕੇ ਤੇ ਭਾਵ ਕਰਕੇ ਤੇਜ਼ੀ ਨਾਲ ਅਮੀਰ ਬਣਨ ਦੀ ਰੁਚੀ ਨੂੰ ਕਿੱਥੋਂ ਦਾ ਅੰਮ੍ਰਿਤ ਆਖਿਆ ਜਾ ਸਕਦਾ ਹੈ ਅਸਲ ਵਿੱਚ ਇਹ ਇੱਕ ਮਾਰੂ ਜ਼ਹਿਰ ਹੈ।

ਸੁਹਣਿਆਂ ! ਦੱਸ ਨਾ, ਉਹ ਵੇਲੇ ਕਿਧਰੇ ਲੰਘ ਗਏ ?
ਉਹ ਪਿੱਪਲਾਂ ਦੇ ਪੱਤਿਆਂ ਦੀ ਝੂਮ ਝੂਮ,
ਜਿਹੜੀ ਸਾਡੇ ਗੁੰਗੇ ਦਿਲਾਂ ਨੂੰ ਵਲੂੰਦਰਦੀ ਸੀ ;
ਉਹ ਖੜਕਦੇ ਕਿਉਂ ਨਿੰਮੋਝੂਣ ਹੋ ਅੱਜ,
ਕੋਈ ਨਾਚ ਉਨ੍ਹਾਂ ਦਾ ਨਾਂਹ ਹੁਣ ਦੇਖਣੇ ਆਉਂਦਾ,
ਕੀ ਅੰਦਰ ਦੀ ਖ਼ੁਸ਼ੀ ਸਾਰੀ ਮਰ ਗਈ ?
ਭੱਠ ਪਈ ਅੱਜ ਦੀ ਸੱਭਿਅਤਾ,
ਜਿਹੜੀ ਦੌੜਦੀ, ਹਫਦੀ, ਦੌੜ ਦੌੜ ਆਰਾਮ ਚਾਹੇ ਲੈਣਾ ;
ਇਕੋ ਵਾਰੀ, ਇਕੋ ਦਿਨ ਦੋਹਾਂ ਹੱਥਾਂ ਨਾਲ ।

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ ‘ਲਾਜ਼ਮੀ ਪੰਜਾਬੀ- 12’ ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ ‘ਪੁਰਾਣੇ ਪੰਜਾਬ ਨੂੰ ਆਵਾਜ਼ਾ’ ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ।

**ਵਿਆਖਿਆ :-** ਕਵੀ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਪੁੱਛਦਾ ਹੈ ਕਿ ਤੂੰ ਮੈਨੂੰ ਦੱਸ ਕਿ ਉਹ ਸਮੇਂ ਕਿੱਥੇ ਚਲੇ ਗਏ ਹਨ ਜਦੋਂ ਪਿੱਪਲਾਂ ਦੇ ਪੱਤੇ ਚੋਂ ਚੁਣ ਕੇ ਸਾਰੇ ਗੂੰਗੇ ਦਿਲਾਂ ਉੱਪਰ ਡੂੰਘਾ ਅਸਰ ਪਾਉਂਦੇ ਸਨ। ਫਲਸਰੂਪ ਸਾਡੇ ਦਿਲਾਂ ਵਿੱਚੋਂ ਗੀਤ ਫੁੱਟਦੇ ਸਨ। ਅੱਜ ਉਹ ਪੱਤੇ ਨਿੰਮੋਝੂਣ ਤੇ ਬੇਅਸਰ ਜਹੇ ਹੋਏ ਖੜਕਦੇ ਹਨ। ਹੁਣ ਉਨ੍ਹਾਂ ਦਾ ਕੋਈ ਨਾਚ ਵਿਖਾਈ ਨਹੀਂ ਦਿੰਦਾ। ਕੀ ਹੁਣ ਉਨ੍ਹਾਂ ਦੇ ਅੰਦਰ ਦੀ ਖ਼ੁਸ਼ੀ ਮਰ ਗਈ ਹੈ ? ਅੱਜ ਦੀ ਅਜਿਹੀ ਰਸਹੀਣ ਸੱਭਿਅਤਾ ਭੱਠੀ ਵਿੱਚ ਪਵੇ, ਜਿਹੜੀ ਆਪਣੀਆਂ ਖ਼ੁਦਗਰਜ਼ੀਆਂ ਦੀ ਪੂਰਤੀ ਲਈ ਦੌੜਦੀ ਤੜਫ਼ਦੀ ਹੈ। ਉਹ ਦੌੜ-ਦੌੜ ਕੇ ਇੱਕੋ ਵਾਰੀ ਸਾਰੇ ਦੇ ਸਾਰੇ ਸੁੱਖ ਦੋਹਾਂ ਹੱਥਾਂ ਨਾਲ ਇਕੱਠੇ ਕਰ ਲੈਣਾ ਚਾਹੁੰਦੀ ਹੈ। ਇਸ ਪ੍ਰਕਾਰ ਵਰਤਮਾਨ ਪੰਜਾਬੀ ਸੱਭਿਅਤਾ ਹਰ ਜਾਇਜ਼ ਤੇ ਨਾਜਾਇਜ਼ ਤਰੀਕੇ ਨਾਲ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੇ ਪਿੱਛੇ ਲੱਗੀ ਹੋਈ ਹੈ।

ਅੰਬਾਂ ਦੇ ਬੂਰ ਪਏ ਕਿਰਦੇ ਬੇਵੱਸ ਹੋ,
ਕੋਈ ਸੁਹਣੀਆਂ ਪੀਂਘਾਂ ਹੁਣ ਨਾ ਝੂਟਦੀਆਂ,
ਇਹ ਕੀ ਹੈ ਮੁਰਦਿਹਾਣ ਜਿਹੀ ?
ਉਹ ਹੁਣ ਪੁਰਾਣੇ ਵਿਆਹ ਦੇ ਰੰਗ ਨਹੀਂ, ਢੰਗ ਨਹੀਂ,
ਕੁਝ ਉਧਲਣ ਉਧਾਲਣ ਜਿਹਾ ਬਸ ਲੱਗਦਾ ।
ਉਹ ਜੰਞਾਂ ਕਿੱਥੇ ? ਉਹ ਵਿਹਲ, ਉਹ ਖੁੱਲ੍ਹ, ਉਹ ਚਾਅ,
ਦੱਸੋ ਨਾ ਕਿੱਥੇ ਟੁਰ ਗਿਆ ਸਾਰਾ ?

**ਪ੍ਰਸੰਗ:-** ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

**ਵਿਆਖਿਆ :-** ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਕਹਿੰਦਾ ਹੈ ਕਿ ਅੱਜ ਕੱਲ੍ਹ ਸੋਹਣੀਆਂ ਕੁੜੀਆਂ ਅੰਬਾਂ ਉੱਪਰ ਪੀਂਘਾਂ ਪਾ ਕੇ ਨਹੀਂ ਝੂਟਦੀਆਂ। ਅੱਜ-ਕੱਲ੍ਹ ਅੰਬਾਂ ਦੇ ਬੂਰ ਪੀਂਘ ਦੇ

ਹੁਲਾਰਿਆਂ ਨਾਲ ਨਹੀਂ ਸਗੋਂ ਬੇਵੱਸ ਹੋ ਕਿਰਦੇ ਹਨ। ਅੱਜ ਦੇ ਪੰਜਾਬੀ ਜੀਵਨ ਉੱਤੇ ਕੋਈ ਮੁਰਦੇ ਹਾਣੀ ਜਿਹੀ ਛਾਈ ਦਿਖਾਈ ਦਿੰਦੀ ਹੈ। ਅੱਜ-ਕੱਲ੍ਹ ਇਸ ਜੀਵਨ ਵਿੱਚ ਵਿਆਹਾਂ ਦੀਆਂ ਪੁਰਾਣੀਆਂ ਰੰਗੀਨੀਆਂ ਦੇ ਤਰੀਕੇ ਮੌਜੂਦ ਨਹੀਂ। ਅੱਜ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਕੁੜੀ ਮੁੰਡੇ ਨਾਲ ਉੱਧਲ ਗਈ ਹੋਵੇ ਤੇ ਮੁੰਡਾ ਕੁੜੀ ਨੂੰ ਉਧਾਲ ਕੇ ਲੈ ਗਿਆ ਹੋਵੇ। ਅੱਜ ਪੁਰਾਣੇ ਸਮੇਂ ਵਾਂਗ ਆ ਕੇ ਜੰਞਾਂ ਕਈ-ਕਈ ਦਿਨ ਨਹੀਂ ਰਹਿੰਦੀਆਂ। ਅੱਜ ਦੇ ਵਿਆਹ ਢੰਗਾਂ ਵਿੱਚੋਂ ਵਿਹਲ, ਖੁੱਲ ਅਤੇ ਚਾਅ ਸਾਰਾ ਕਿਧਰੇ ਉੱਡ ਗਿਆ ਲੱਗਦਾ ਹੈ। ਅੱਜ ਦੇ ਵਿਆਹ ਢੰਗ ਰਸਹੀਣ ਤੇ ਫਿੱਕੇ ਹਨ।

ਉਹ ਸ਼ਗਨ ਮਨਾਵਣੇ,
ਉਹ ਢੋਲਕੀਆਂ ਦੇ ਗੀਤ ਜਿਹੜੇ ਰਾਤ ਦੀ ਰਗ ਰਗ ਛੇੜਦੇ,
ਉਹ ਕੁੜੀਆਂ ਕੰਵਾਰੀਆਂ ਦੇ ਮਨ ਦੇ ਚਾਅ ਦੇ ਟੱਪੇ,
ਨਿੱਕੇ ਨਿੱਕੇ ਕੋਇਲਾਂ ਦੀਆਂ ਭਾਂਤ ਭਾਂਤ ਬੋਲੀਆਂ ;
ਉਹ ਰਾਗ ਨਵੇਂ ਨਵੇਂ, ਸੱਜਰੇ, ਸਿੱਜੇ ਸਿੱਜੇ, ਭਿੱਜੇ ਭਿੱਜੇ, ਰੂਹਾਂ ਵਿਚ
ਜਿਹੜੇ ਨਿਕਲਦੇ,
ਉਹ ਘੋੜੀਆਂ, ਉਹ ਸੁਹਾਗ,
ਉਹ ਦੋ ਦੋ ਗੱਲਾਂ ਤੇ ਹਾਸੇ,
ਉਹ ਮਖ਼ੌਲੀ ਤਬੀਅਤਾਂ ਖੁਸ਼ੀ ਭਰਨ ਵਾਲੀਆਂ,
ਉਹ ਦਾਤੇ, ਉਹ ਭੰਡਾਰੀ : ਉਹ ਜਾਂਞੀ, ਉਹ ਮਾਂਞੀ ;
ਉਹ ਜੰਞਾਂ ਜਗਮਗ ਕਿੱਥੇ, ਕੇਸਰ ਦੀਆ ਰੰਗੀਆਂ ?
ਉਹ ਲਾੜ੍ਹੇ ਦਾ ਘੋੜੀ 'ਤੇ ਚੜ੍ਹਨਾ,
ਉਹ ਭੈਣਾਂ ਲਾੜ੍ਹੇ ਦੀਆਂ ਦਾ ਗਾ ਗਾ, ਵਾਗਾਂ ਦਾ ਗੁੰਦਣਾਂ,
ਉਹ ਘੋੜੀ ਚਿੱਟੀ ਦਾ ਨਾਜ਼ ਤੇ ਚਾਅ ਵਿਚ
ਲਾੜ੍ਹੇ ਨੂੰ ਚੱਕ ਮੋਢੇ ਖ਼ੁਸ਼ੀ ਥੀਣਾਂ,
ਉਹਦੇ ਗਲ ਦੀਆਂ ਗਾਨੀਆਂ ਦਾ ਭੈਣਾਂ ਨਾਲ ਰਲ ਮਿਲ ਗਾਵਣਾ ।

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ

ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਕਹਿੰਦਾ ਹੈ ਕਿ ਅੱਜ ਕੱਲ੍ਹ ਦੇ ਵਿਆਹ ਢੰਗਾਂ ਵਿੱਚ ਨਾ ਤਾਂ ਪਹਿਲਾਂ ਵਾਂਗ ਸ਼ਗਨ ਮਨਾਏ ਜਾਂਦੇ ਹਨ ਤੇ ਨਾ ਹੀ ਸਾਰੇ ਸਰੀਰ ਦੀ ਰਗ-ਰਗ ਵਿੱਚ ਇੱਕ ਕੰਬਣੀ ਜਿਹੀ ਛੇੜ ਦੇਣ ਵਾਲੇ ਢੋਲਕੀਆਂ ਨਾਲ ਗਾਏ ਜਾਂਦੇ ਗੀਤ ਹਨ। ਅੱਜ ਵਿਆਹ ਵਿੱਚੋਂ ਕੁਆਰੀਆਂ ਕੁੜੀਆਂ ਦੇ ਮਨ ਦੇ ਚਾਵਾਂ ਨੂੰ ਪ੍ਰਗਟ ਕਰਨ ਵਾਲੇ ਨਿੱਕੇ-ਨਿੱਕੇ ਟੱਪੇ, ਕੋਇਲਾਂ ਵਰਗੀ ਮਿੱਠੀ ਸੁਰ ਵਿੱਚ ਪਾਈਆਂ ਜਾਂਦੀਆਂ ਬੋਲੀਆਂ, ਰੂਹਾਂ ਵਿੱਚੋਂ ਨਿਕਲਣ ਵਾਲੇ ਨਵੇਂ –ਨਵੇਂ, ਸੱਜਰੇ-ਸੱਜਰੇ ਤੇ ਭਾਵਾਂ ਨਾਲ ਭਰੇ ਹੋਏ ਰਾਗ ਘੋੜੀਆਂ, ਸੁਹਾਗ, ਹਾਸੇ ਦੀਆਂ ਗੱਲਾਂ ਸਭ ਅਲੋਪ ਹਨ। ਅੱਜ ਵਿਆਹ ਢੰਗਾਂ ਵਿੱਚ ਖ਼ੁਸ਼ੀ ਭਰਨ ਵਾਲੇ ਮਖ਼ੌਲੀ ਤਬੀਅਤਾਂ ਵਾਲੇ ਬੰਦੇ, ਦਾਨ ਕਰਨ ਵਾਲੇ, ਭੰਡਾਰੇ ਵਰਤਾਉਣ ਵਾਲੇ ਜਾਂਞੀ, ਮਾਂਜੀ ਤੇ ਕੇਸਰ ਰੰਗੀਆਂ ਜੰਞਾਂ ਦੀ ਜਗਮਗ ਆਦਿ ਸਭ ਕੁਝ ਕਿਧਰੇ ਛਿਪ ਗਿਆ ਹੈ। ਅੱਜ ਦੇ ਵਿਆਹ ਢੰਗ ਵਿੱਚੋਂ ਲਾੜੇ ਦਾ ਘੋੜੀ ਉੱਤੇ ਚੜ੍ਹਨਾ, ਉਸ ਦੀਆਂ ਭੈਣਾਂ ਦਾ ਗਾ-ਗਾ ਕੇ ਘੋੜੀ ਦੀ ਵਾਂਗ ਨੂੰ ਫੜਨਾ, ਚਿੱਟੀ ਘੋੜੀ ਦਾ ਬੜੇ ਨਖਰੇ ਤੇ ਚਾਅ ਵਿੱਚ ਲਾੜੇ ਨੂੰ ਆਪਣੀ ਪਿੱਠ ਉੱਪਰ ਚੁੱਕ ਕੇ ਖੁਸ਼ ਹੋਣਾ ਅਤੇ ਲਾੜੇ ਦੀਆਂ ਭੈਣਾਂ ਦਾ ਘੋੜੀ ਦੇ ਗਲ ਦੀਆਂ ਗਾਨੀਆਂ ਨਾਲ ਰਲ-ਮਿਲ ਕੇ ਗਾਉਣਾ ਆਦਿ ਸਭ ਗੱਲਾਂ ਕਿਧਰੇ ਅਲੋਪ ਹੋ ਗਈਆਂ ਹਨ। ਅਜੋਕੇ ਵਿਆਹ ਢੰਗ ਰਸਹੀਣ ਤੇ ਫਿੱਕੇ ਹਨ।

ਉਹ ਨੇਜ਼ੇ-ਬਾਜ਼ੀਆਂ ਵਿਆਹਾਂ 'ਤੇ,
ਉਹ ਰੰਗ ਬਰੰਗ ਦੀਆਂ ਚੋਚਲਾਂ,
ਉਹ ਖੇਡਾਂ ਉਹ ਕੌਡੀਆਂ, ਉਹ ਖੁੱਲ੍ਹੇ ਖੇਤਾਂ ਵਿਚ ਦੌੜਾਂ ਖ਼ੁਸ਼ੀ ਦੀਆਂ ।
ਉਹ ਦਰਿਆਵਾਂ ਦਾ ਨਹਾਣ ਜਾਣਾ ਢੋਲਕੀਆਂ ਵੱਜਦੇ,
ਉਹ ਸੌਂਚੀਆਂ ਉਹ ਕੁਸ਼ਤੀਆਂ ਅਖਾੜੇ ਤੇ ਕਬੱਡੀਆਂ ।

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ ‘ਲਾਜ਼ਮੀ ਪੰਜਾਬੀ- 12’ ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ ‘ਪੁਰਾਣੇ ਪੰਜਾਬ ਨੂੰ ਆਵਾਜ਼ਾ’ ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ।

ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਕਹਿੰਦਾ ਹੈ ਕਿ ਅੱਜ ਕੱਲ੍ਹ ਦੇ ਵਿਆਹ ਤਾਂ ਫਿੱਕੇ ਤੇ ਰਸਹੀਣ ਹਨ। ਪੁਰਾਣੇ ਸਮੇਂ ਦੇ ਪੰਜਾਬ ਵਿੱਚ ਵਿਆਹ ਦੇ ਮੌਕੇ ਉੱਤੇ ਨੇਜ਼ੇਬਾਜ਼ੀਆਂ ਹੁੰਦੀਆਂ ਸਨ ਤੇ ਤਰ੍ਹਾਂ-ਤਰ੍ਹਾਂ ਦੇ ਦਿਲ ਪਰਚਾਵੇ ਦੇ ਕੰਮ ਕੀਤੇ ਜਾਂਦੇ ਸਨ। ਅੱਜ ਦੇ ਪੰਜਾਬੀ ਜੀਵਨ ਵਿੱਚੋਂ ਖ਼ੁਸ਼ੀ ਨਾਲ ਖੇਡੀਆਂ ਜਾਂਦੀਆਂ ਖੇਡਾਂ ਕੌਡੀਆਂ ਤੇ ਖੁੱਲ੍ਹੇ ਖੇਤਾਂ ਵਿੱਚ ਲਾਈਆਂ ਜਾਂਦੀਆਂ ਦੌੜਾਂ ਅਲੋਪ ਹੋ ਚੁੱਕੀਆਂ ਹਨ। ਹੁਣ ਕੋਈ ਦਰਿਆਵਾਂ ਉੱਪਰ ਢੋਲਕੀਆਂ ਵਜਾਉਂਦੇ ਹੋਏ ਨਹਾਉਣ ਨਹੀਂ ਜਾਂਦੇ ਤੇ ਨਾ ਹੀ ਪੰਜਾਬੀ ਜੀਵਨ ਵਿੱਚੋਂ ਸੌਂਚੀਆਂ, ਕੁਸ਼ਤੀਆਂ ਲਈ ਪਹਿਲਵਾਨਾਂ ਦੇ ਅਖਾੜੇ ਤੇ ਕਬੱਡੀਆਂ ਰਹੀਆਂ ਹਨ। ਵਰਤਮਾਨ ਪੰਜਾਬੀ ਜੀਵਨ ਫਿੱਕਾ ਤੇ ਬੇਰਸਾ ਹੈ।

ਸਭ ਜੀਣ ਦਾ ਚਾਅ ਹੋਣ ਦਾ ਮਾਣ, ਥੀਂਣ ਦਾ ਨਸ਼ਾ ਕਿੱਥੇ ?
ਉਹ ਪਿਆਰੀ ਬਸੰਤ ਦੀਆਂ ਫੁੱਲਾਂ ਦੀਆਂ ਹੋਲੀਆਂ,
ਬਾਗ਼, ਬਾਗ਼, ਭਰ ਪਿਚਕਾਰੀਆਂ, ਰੂਪਾਂ ਦਾ ਖੇਡਣਾ ।
ਉਹ ਲੋਹੜੀਆਂ ਦੀ ਲੱਕੜਾਂ ਦੀ ਮੰਗ ਬੂਹੇ ਬੂਹੇ,
ਉਹ ਕੁੜੀਆਂ ਦਾ ਜੁੜਨਾ ਅੱਗ ਦੇ ਚੁਫੇਰੇ ਤੇ ਗਿੱਧੇ ਪਾ ਪਾ ਗਾਉਣਾ ।

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਕਹਿੰਦਾ ਹੈ ਕਿ ਅੱਜ ਦੇ ਪੰਜਾਬੀ ਜੀਵਨ ਵਿੱਚ ਪੁਰਾਣੇ ਪੰਜਾਬ ਵਰਗਾ ਜਿਊਣ ਦਾ ਚਾਅ, ਆਪਣੀ ਹੋਂਦ ਦਾ ਮਾਣ ਤੇ ਥੀਂਣ ਦਾ ਨਸ਼ਾ ਨਹੀਂ ਰਿਹਾ। ਇਸ ਵਿੱਚੋਂ ਪਿਆਰੀ ਬਸੰਤ ਰੁੱਤ ਦੁਆਰਾ ਹਰ ਬਾਗ਼ ਵਿੱਚ ਮਨਾਈਆਂ ਜਾਂਦੀਆਂ ਫੁੱਲਾਂ ਦੀਆਂ ਹੋਲੀਆਂ ਵੀ ਅਲੋਪ ਹਨ ਜਦੋਂ ਕਿ ਸਾਰੇ ਲੋਕ ਰੰਗਾਂ ਦੀਆਂ ਪਿਚਕਾਰੀਆਂ ਭਰ ਕੇ ਆਪਸ ਵਿੱਚ ਰੰਗਾਂ ਦੀ ਖੇਡ ਖੇਡਦੇ ਸਨ। ਅੱਜ ਹਰ ਬੂਹੇ ਉੱਪਰ ਜਾ ਕੇ ਲੋਹੜੀ ਲਈ ਲੱਕੜਾਂ ਦੀ ਮੰਗ ਕਰਨਾ ਵੀ ਅਲੋਪ ਹੋ ਗਿਆ ਹੈ ਤੇ ਨਾ ਹੀ ਲੋਹੜੀ ਦੀ ਧੂਣੀ ਦੇ ਚੁਫੇਰੇ ਕੁੜੀਆਂ ਜੁੜ ਕੇ ਗਿੱਧੇ ਪਾਉਂਦੀਆਂ ਅਤੇ ਗਾਉਂਦੀਆਂ ਹਨ।

ਵਹਿਮ ਜੇ ਉੱਡੇ ਤਾਂ ਉੱਡੇ ਸਦਕੇ,
ਵਹਿਮਾਂ ਦਾ ਉੱਡਣਾ ਜ਼ਰੂਰ ਸੀ,
ਪਰ ਸਾਡੀਆਂ ਸਾਰੀਆਂ ਖ਼ੁਸ਼ੀਆਂ ਨਾਲੇ ਗਈਆਂ,
ਜਿੰਦ ਕਿੱਥੇ ਟੁਰ ਗਈ, ਨਾਲੇ ਰੂਹ ਕਿੱਥੇ ਟੁਰ ਗਿਆ ?
ਔਖਾ ਹੋ ਜਿੰਦਾਂ ਫਸਣੀਆਂ ਨੂੰ ਕੱਢਣਾ ;
ਕੰਡੇ ਨਾਲੋਂ ਫੁੱਲ ਨੂੰ ਤੋੜਨਾ, ਫੁੱਲ ਨੂੰ ਮਾਰਨਾ ਹੈ ।

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ ‘ਲਾਜ਼ਮੀ ਪੰਜਾਬੀ- 12’ ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ ‘ਪੁਰਾਣੇ ਪੰਜਾਬ ਨੂੰ ਆਵਾਜ਼ਾ’ ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਕਹਿੰਦਾ ਹੈ ਕਿ ਇਹ ਚੰਗਾ ਹੋਇਆ ਕਿ ਵਰਤਮਾਨ ਪੰਜਾਬ ਵਿੱਚੋਂ ਪੁਰਾਣੇ ਵਹਿਮ-ਭਰਮ ਉੱਡ ਗਏ ਹਨ। ਇਨ੍ਹਾਂ ਦਾ ਦੂਰ ਹੋਣਾ ਜ਼ਰੂਰੀ ਸੀ ਪਰ ਇਸ ਦੇ ਨਾਲ ਦੁੱਖ ਦੀ ਗੱਲ ਇਹ ਹੋਈ ਹੈ ਕਿ ਸਾਡੀਆਂ ਸਾਰੀਆਂ ਖੁਸ਼ੀਆਂ ਵੀ ਨਾਲ ਹੀ ਦਫ਼ਨ ਹੋ ਗਈਆਂ ਹਨ। ਮੈਨੂੰ ਤਾਂ ਹੀ ਪਤਾ ਨਹੀਂ ਲੱਗਦਾ ਕਿ ਪੰਜਾਬ ਦੀ ਜਿੰਦ ਕਿੱਥੇ ਗਈ ਹੈ ਤੇ ਰੂਹ ਕਿੱਥੇ ਚਲੀ ਗਈ ਹੈ। ਅਰਥਾਤ

ਪੰਜਾਬੀ ਜੀਵਨ ਵਿੱਚ ਮੁਰਦੇ ਹਾਨੀ ਜਿਹੀ ਛਾ ਗਈ ਹੈ।ਇਸ ਦੁਖਾਂਤਕ ਸਥਿਤੀ ਵਿੱਚ ਫ਼ਸੇ ਪੰਜਾਬੀਆਂ ਦੀਆਂ ਜ਼ਿੰਦਗੀਆਂ ਨੂੰ ਕੱਢਣਾ ਬਹੁਤ ਔਖਾ ਜਾਪਦਾ ਹੈ। ਅਸਲ ਵਿਚ ਜਿੱਥੇ ਫੁੱਲ ਹੁੰਦਾ ਹੈ, ਉੱਥੇ ਕੰਡਾ ਵੀ ਹੁੰਦਾ ਹੈ। ਕੰਡੇ ਨਾਲੋਂ ਫੁੱਲਾਂ ਨੂੰ ਤੋੜਨ ਦਾ ਮਤਲਬ ਫੁੱਲ ਦਾ ਨਾਸ਼ ਕਰਨਾ ਹੁੰਦਾ ਹੈ। ਇਸ ਤਰ੍ਹਾਂ ਸੋਹਣੇ ਪੰਜਾਬ ਨੂੰ ਪੁਰਾਤਨਤਾ ਦੀਆਂ ਬੁਰਾਈਆਂ ਨਾਲੋਂ ਅਲੱਗ ਕਰਕੇ ਇਸ ਵਿਚਲੇ ਰਸ ਤੇ ਖੁਸ਼ੀਆਂ ਨੂੰ ਮਾਰ ਦਿੱਤਾ ਹੈ।

ਦੱਸ ਨਾ, ਇਹ ਕੀ ਹੋਇਆ ?
ਕਿਸ ਲਈ ਸਭ ਕੁਝ ਖੋਇਆ ?
ਦਵਾਈ ਖਾ ਮਰੀਜ਼ ਹੀ ਮੋਇਆ, ਸਾਡੇ ਹੱਥ ਕੀ ਆਇਆ ?
ਦਿਲ ਸਾਡੇ ਸੱਖਣੇ, ਲਾਟ ਬੁਝ ਗਈ ਹੈ ।

ਪ੍ਰਸੰਗ:- ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਪੁਰਾਣੇ ਪੰਜਾਬ ਨੂੰ ਆਵਾਜ਼ਾ' ਵਿੱਚੋਂ ਲਿਆ ਗਿਆ ਹੈ। ਪ੍ਰੋ. ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੌਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਇਸ ਵਿੱਚ ਪ੍ਰੋ. ਸਾਹਿਬ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੇ ਪ੍ਰੇਮ-ਪਿਆਰ, ਰਹਿਣ-ਸਹਿਣ, ਰੁਚੀਆਂ ਅਤੇ ਸੱਭਿਆਚਾਰ ਨੂੰ ਆਵਾਜ਼ਾਂ ਮਾਰੀਆਂ ਹਨ ਅਤੇ ਪੰਜਾਬ ਦੇ ਵਰਤਮਾਨ ਲੋਕਾਂ ਦੇ ਚਰਿੱਤਰ ਅਤੇ ਰਹਿਣੀ-ਬਹਿਣੀ ਤੋਂ ਅਸੰਤੁਸ਼ਟਤਾ ਦਾ ਪ੍ਰਗਟਾਵਾ ਕੀਤਾ ਹੈ ।

ਵਿਆਖਿਆ :- ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੋਇਆ ਕਵੀ ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ ਕਹਿੰਦਾ ਹੈ ਕਿ ਅਸੀਂ ਪੰਜਾਬ ਦੀਆਂ ਪੁਰਾਤਨ ਬੁਰਾਈਆਂ ਤੋਂ ਛੁਟਕਾਰਾ ਪਾਉਣ ਦੇ ਯਤਨ ਵਿੱਚ ਪੰਜਾਬੀ ਜੀਵਨ ਦੀਆਂ ਸਾਰੀਆਂ ਖੁਸ਼ੀਆਂ ਦਾ ਅੰਤ ਕਰ ਲਿਆ ਹੈ। ਅਸੀਂ ਪੁਰਾਤਨ ਪੰਜਾਬ ਦੀਆਂ ਖੁੱਲ੍ਹਾਂ, ਖੁਸ਼ੀਆਂ ਅਤੇ ਰੰਗੀਨੀਆਂ ਨੂੰ ਗੁਆ ਕੇ ਕੁਝ ਵੀ ਨਹੀਂ ਖੱਟਿਆ। ਸਾਡੀ ਦਵਾਈ ਖਾ ਕੇ ਤਾਂ ਮਰੀਜ਼ ਹੀ ਮਰ ਗਿਆ ਹੈ। ਸਾਨੂੰ ਪੰਜਾਬ ਦੇ ਸੁਧਾਰ ਦਾ ਯਤਨ ਕਰ ਕੇ ਕੁਝ ਵੀ ਨਹੀਂ ਲੱਭਾ। ਫਲਸਰੂਪ ਸਾਡੇ ਦਿਲ ਸੱਖਣੇ ਹੋ ਗਏ ਹਨ, ਉਨ੍ਹਾਂ ਵਿੱਚੋਂ ਖ਼ੁਸ਼ੀਆਂ ਤੇ ਰੰਗੀਨੀਆਂ ਦੀ ਲਾਟ ਬੁੱਝ ਗਈ।

## ੧. ਵਸਤੂਨਿਸ਼ਠ ਪ੍ਰਸ਼ਨ :-

(ੳ) 'ਪੁਰਾਣੇ ਪੰਜਾਬ ਨੂੰ ਆਵਾਜ਼ਾਂ' ਕਵਿਤਾ ਦੇ ਕਵੀ ਦਾ ਨਾਂ ਦੱਸੋ ?

ਉੱਤਰ :- ਪ੍ਰੋ. ਪੂਰਨ ਸਿੰਘ

(ਅ) ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦਾ ਨਾਂ ਲਿਖੋ ?

ਉੱਤਰ :- ਪੁਰਾਣੇ ਪੰਜਾਬ ਨੂੰ ਆਵਾਜ਼ਾਂ

(ੲ) 'ਪੁਰਾਣੇ ਪੰਜਾਬ ਨੂੰ ਆਵਾਜ਼ਾਂ' ਕਵਿਤਾ ਵਿੱਚ ਕਵੀ ਭਾਈਚਾਰੇ ਬਾਰੇ ਕਿਸ ਤੋਂ ਪੁੱਛਦਾ ਹੈ ?

ਉੱਤਰ:- ਅੱਜ-ਕੱਲ੍ਹ ਦੇ ਪੰਜਾਬੀ ਨੌਜਵਾਨ ਨੂੰ

(ਸ) ਕਵੀ ਅਨੁਸਾਰ ਪੁਰਾਣੇ ਪੰਜਾਬ ਵਿੱਚ ਸੱਸਾਂ ਦੇ ਦਿਲ ਕਿਹੋ ਜਿਹੇ ਸਨ ?

ਉੱਤਰ :-ਸਮੁੰਦਰਾਂ ਵਰਗੇ

(ਹ) 'ਪੁਰਾਣੇ ਪੰਜਾਬ ਨੂੰ ਆਵਾਜ਼ਾਂ' ਕਵਿਤਾ ਅਨੁਸਾਰ ਪੁਰਾਣੇ ਸਮਿਆਂ 'ਚ ਲੋਕ ਸੁੱਚਾ ਅਤੇ ਸੁਥਰਾ ਵਪਾਰ ਕਰਦੇ ਸਨ ।

(ਠੀਕ/ ਗ਼ਲਤ)

ਉੱਤਰ :- ਠੀਕ

(ਕ) 'ਪੁਰਾਣੇ ਪੰਜਾਬ ਨੂੰ ਆਵਾਜ਼ਾਂ' ਕਵਿਤਾ ਵਿੱਚ ਕਵੀ ਨੂੰ ਮਨੁੱਖਾਂ ਦੀ ਪੂਜਾ ਦੀ ਥਾਂ ਠੀਕਰੀਆਂ ਦੀ ਪੂਜਾ ਕਰਨ ਦਾ ਦੁੱਖ ਹੈ।
. (ਹਾਂ / ਨਾਂਹ)

ਉੱਤਰ :- ਨਹੀਂ

(ਖ) ਉਹ ਹੁਣ ਪੁਰਾਣੇ ਵਿਆਹ ਦੇ.......ਨਹੀਂ, ............ਨਹੀਂ । 'ਪੁਰਾਣੇ ਪੰਜਾਬ ਨੂੰ ਆਵਾਜ਼ਾਂ' ਕਵਿਤਾ ਦੇ ਆਧਾਰ 'ਤੇ ਉਪਰੋਕਤ ਖ਼ਾਲੀ ਥਾਂਵਾਂ ਭਰੋ।

ਉੱਤਰ :- ਉਹ ਹੁਣ ਪੁਰਾਣੇ ਵਿਆਹ ਦੇ ਰੰਗ ਨਹੀਂ ਢੰਗ ਨਹੀਂ।

(ਗ) 'ਪੁਰਾਣੇ ਪੰਜਾਬ ਨੂੰ ਆਵਾਜ਼ਾਂ' ਕਵਿਤਾ ਵਿੱਚ ਵਿੱਚ ਭਰਪੂਰ ਚਿਤਰਨ ਹੋਇਆ ਹੈ :

(ੳ) ਪੰਜਾਬੀ ਸੱਭਿਆਚਾਰ ਦਾ (ਅ) ਭਾਰਤੀ ਸੱਭਿਆਚਾਰ ਦਾ

(ਸ) ਦੇਸੀ ਸੱਭਿਆਚਾਰ ਦਾ (ਹ) ਵਿਦੇਸ਼ੀ ਸੱਭਿਆਚਾਰ ਦਾ

ਉੱਤਰ :- ਪੰਜਾਬੀ ਸੱਭਿਆਚਾਰ ਦਾ

## ੨. ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਪੰਜਾਬ ਨੂੰ ਆਵਾਜ਼ਾਂ' ਦਾ ਕੇਂਦਰੀ ਭਾਵ ਲਿਖੋ ?

ਉੱਤਰ :- 'ਪੁਰਾਣੇ ਪੰਜਾਬ ਨੂੰ ਆਵਾਜ਼ਾਂ' ਕਵਿਤਾ ਪ੍ਰੋ. ਪੂਰਨ ਸਿੰਘ ਦੀ ਰਚਨਾ ਹੈ। ਪੂਰਨ ਸਿੰਘ ਤੋਲ-ਤੁਕਾਂਤ ਅਤੇ ਅਤੇ ਛੰਦ ਦੀ ਬੰਦਸ਼ ਨੂੰ ਠੁਕਰਾ ਕੇ ਸੈਲਾਨੀ ਛੰਦ ਦੀ ਵਰਤੋਂ ਕੀਤੀ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਚਿੱਤਰ ਪੇਸ਼ ਕੀਤਾ ਹੈ। ਬੀਤੇ ਸਮੇਂ ਨੂੰ ਸੁਨਹਿਰੀ ਸਮਾਂ ਦੱਸਦੇ ਅਤੇ ਨਵੇਂ ਜ਼ਮਾਨੇ ਦੀ ਰੋਸ਼ਨੀ ਆਪ ਨੂੰ ਚੰਗੀ ਨਹੀਂ ਲੱਗਦੀ। ਇਸ ਕਰਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦੇ ਹਨ। ਇਹ ਕਵਿਤਾ ਰੁਮਾਂਟਿਕ ਭਾਵਾਂ ਨਾਲ ਭਰਪੂਰ ਹੈ। ਕਵਿਤਾ ਦਾ ਕੇਂਦਰੀ ਭਾਵ ਹੇਠ ਲਿਖੇ ਅਨੁਸਾਰ ਹੈ:-

ਵਰਤਮਾਨ ਪੰਜਾਬੀ ਜੀਵਨ ਵਿੱਚ ਪੁਰਾਤਨ ਪੰਜਾਬੀ ਜੀਵਨ ਵਾਲਾ ਖ਼ੁਸ਼ੀਆਂ, ਖੁੱਲਾਂ, ਮਿੱਠਤ, ਸਰਲਤਾ ਸਾਦਗੀ ਤੇ ਰੰਗੀਨੀਆਂ ਉੱਡ ਗਈਆਂ ਹਨ ਤੇ ਇਸ ਦੀ ਥਾਂ ਬੇਰਸੀ, ਬੇਸੁਆਦੀ, ਫਿੱਕਾਪਣ ਤੇ ਪੈਸੇ ਦਾ ਪ੍ਰੇਮ ਪ੍ਰਧਾਨ ਹੋ ਗਿਆ ਹੈ। ਅੱਜ-ਕੱਲ੍ਹ ਇਸ ਵਿੱਚੋਂ ਪੁਰਾਣੇ ਵਹਿਮ ਮੁੱਕ ਗਏ ਹਨ। ਪਰ ਅਸੀਂ ਕੁਝ ਨਹੀਂ ਖੱਟਿਆ। ਅਸੀਂ ਆਪਣੀਆਂ ਸਾਰੀਆਂ ਖੁਸ਼ੀਆਂ ਗੁਆ ਲਈਆਂ ਹਨ।


ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ

ਭਿੰਡੀ ਔਲਖ ਭਿੰਡੀ ਔਲਖ ( ਅੰਮ੍ਰਿਤਸਰ )

8437626373


